# ਰੱਬ ਦੀ...

ਰੱਬ ਦੀ ਰੱਚਨਾ ਕਿਸ ਨੇ ਜਾਣੀ
29% ਧੱਰਤੀ ਤੇ 71% ਪਾਣੀ।

ਧੱਰਮਾ ਦੇ ਠੇਕੇਦਾਰਾ ਠੇਕਾ ਕੀਤਾ,
ਕਹਿੰਦੇ ਰੱਬਾ ਰੋਟੀ ਅਸੀ ਤੇਰੇ ਨਾਂਉ ਤੇ ਖਾਣੀ ।
ਲੱਖਾ ਤੇਰੇ ਅਸੀ ਨਾਂਉ ਰੱਖੇ,
ਲੱਖਾ ਅਸੀ ਬਣਾਈ ਤੇਰੀ ਕਹਾਣੀ ।
ਹੱਰ ਕੋਈ ਪਾਈ ਬੈਠਾ ਪਾਣੀ ਵਿੱਚ ਮਧਾਣੀ ।

ਰੱਬ ਦੀ ਰੱਚਨਾ ਕਿਸ ਨੇ ਜਾਣੀ
29% ਧੱਰਤੀ ਤੇ 71% ਪਾਣੀ।

ਕੋਈ ਕਹਿੰਦਾ ਰਾਮ ਦਾ ਹਿੰਦੂ ਬਣਜਾ,
ਕੋਈ ਕਹਿਦਾ ਅੱਲਾ ਦਾ ਸ਼ਾਹ ਬਣਜਾ ।
ਕੋਈ ਕਹਿਦਾ ਚੱਰਚ ਦਾ ਕਿੰਗ ਬਣਜਾ,
ਕੋਈ ਕਹਿੰਦਾ ਵਾਹਿਗੁਰੂ ਦਾ ਸਿੰਘ ਬਣਜਾ ।
ਹੱਰ ਕੋਈ ਆਪਣੇ ਵਣਜਾ ਦੀ ਸਣਾਉਦਾ ਕਹਾਣੀ ।

ਰੱਬ ਦੀ ਰੱਚਨਾ ਕਿਸ ਨੇ ਜਾਣੀ
29% ਧੱਰਤੀ ਤੇ 71% ਪਾਣੀ।

ਕੋਈ ਕਹਿੰਦਾ “ਰੱਬ ਨੂੰ ਮਿਲਣਾ” ਮੰਦਰ ਆ,
ਕੋਈ ਕਹਿੰਦਾ “ਰੱਬ ਨੂੰ ਮਿਲਣਾ” ਮੱਸਜਦ ਜਾਹ ।
ਕੋਈ ਕਹਿੰਦਾ “ਰੱਬ ਨੂੰ ਮਿਲਣਾ” ਚੱਰਚ ਚ’ ਆ,
ਕੋਈ ਕਹਿਦਾ “ਰੱਬ ਨੂੰ ਮਿਲਣਾ” ਗੁਰੂਦੁਆਰੇ ਜਾਹ।
ਬੰਦਿਆ ਤੇਰੀ ਆਣ-ਜਾਣ ਚ’ ਜਿੰਦਗੀ ਚੱਲੀ ਜਾਣੀ ।

ਰੱਬ ਦੀ ਰੱਚਨਾ ਕਿਸ ਨੇ ਜਾਣੀ
29% ਧੱਰਤੀ ਤੇ 71% ਪਾਣੀ।

ਧੱਰਤੀ ਰੱਬ ਦੀ ਉੱਹ ਬੋਟ ਆ,
ਜਿਥੇ ਹਰ ਜੀਵ-ਜੰਤੂ ਨੂੰ ਰਹਿਣ ਦੀ ਛੋਟ ਆ।
ਉਹ ਬੰਦਿਆ ਤੇਰੇ ਮੰਨ ਵਿੱਚ ਖੋਟ ਆ,
ਮਾਰਕੇ ਜੀਵ-ਜੰਤੂ ਤੂੰ ਅੱਪਸੈਟ ਕੀਤੀ ਰੱਬ ਦੀ ਬੋਟ ਆ।
**Sarjinder** ਇੱਕ ਦਿੱਨ ਇਹ ਬੋਟ ਪਾਣੀ ਚ' ਬੈਠ ਜਾਣੀ ।

ਰੱਬ ਦੀ ਰੱਚਨਾ ਕਿਸ ਨੇ ਜਾਣੀ
29% ਧੱਰਤੀ ਤੇ 71% ਪਾਣੀ।

**Archived at:** www.geocities.com/new_punjabi_songs
**Written by:** Dr. Sarjinder Singh, Assistant Professor, St. Cloud  State University, St. Cloud, MN, USA
**Note: All opinions are of author's own.**

**Updated: June 24, 2007**